**fact sheet**
BC HEALTH COALITION

# ਹੋਮ ਸਪੋਰਟ:
## *ਆਪਣੇ ਲਈ ਲੋੜੀਂਦੀ ਮਦਦ ਕਿਵੇਂ ਲੈਣੀ ਹੈ*

### ਹੋਮ ਸਪੋਰਟ (ਘਰ ਵਿਚ ਮਦਦ) ਕਿਉਂ ਇੰਨੀ ਜ਼ਰੂਰੀ ਹੈ?

ਹੋਮ ਸਪੋਰਟ (ਘਰ ਵਿਚ ਮਦਦ) ਦੀਆਂ ਸੇਵਾਵਾਂ ਬਜ਼ੁਰਗਾਂ, ਚਿਰਾਂ ਤੋਂ ਬੀਮਾਰ ਲੋਕਾਂ, ਅਤੇ ਅਪਾਹਜ ਲੋਕਾਂ ਨੂੰ ਆਪਣੇ ਘਰਾਂ ਵਿਚ ਸ਼ਾਨ ਅਤੇ ਆਜ਼ਾਦੀ ਨਾਲ ਰਹਿਣ ਦੇ ਯੋਗ ਬਣਾਉਂਦੀਆਂ ਹਨ। ਬਹੁਤ ਸਾਰੇ ਲੋਕ ਇਨ੍ਹਾਂ ਸੇਵਾਵਾਂ ਦਾ ਖਰਚਾ ਨਹੀਂ ਚੁੱਕ ਸਕਦੇ। ਹੋਮ ਸਪੋਰਟ ਦਾ ਟੀਚਾ ਆਜ਼ਾਦੀ ਨੂੰ ਕਾਇਮ ਰੱਖਣਾ ਜਾਂ ਵਧਾਉਣਾ ਅਤੇ ਰਾਜ਼ੀ ਹੋਣ ਨੂੰ ਤੇਜ਼ ਕਰਨਾ ਹੈ।

ਹੋਮ ਸਪੋਰਟ (ਘਰ ਵਿਚ ਮਦਦ) ਨੂੰ ਅਕਸਰ ਹੋਮ ਕੇਅਰ (ਘਰ ਵਿਚ ਸੰਭਾਲ) ਨਾਲ ਰਲਗਡ ਕਰ ਦਿੱਤਾ ਜਾਂਦਾ ਹੈ। ਹੋਮ ਸਪੋਰਟ ਕੱਪੜੇ ਪਹਿਨਣ ਅਤੇ ਆਉਣ ਜਾਣ ਵਰਗੇ ਰੋਜ਼ਾਨਾ ਕੰਮਾਂ ਵਿਚ ਸਹਾਇਤਾ ਕਰਦੀ ਹੈ। ਹੋਮ ਕੇਅਰ ਵਿਚ ਅਜਿਹੀਆਂ ਸੇਵਾਵਾਂ ਸ਼ਾਮਲ ਹਨ ਜਿਹੜੀਆਂ ਰਜਿਸਟਰਿਡ ਨਰਸਾਂ, ਫਿਜ਼ੀਓਥੈਰੇਪਿਸਟਾਂ, ਆਕੂਪੇਸ਼ਨਲ ਥੈਰੇਪਿਸਟਾਂ, ਆਦਿ ਵਲੋਂ ਦਿੱਤੀਆਂ ਜਾਂਦੀਆਂ ਹਨ।

ਹੋਮ ਸਪੋਰਟ, ਪਰਿਵਾਰਾਂ ਅਤੇ ਅਕਿਊਟ ਅਤੇ ਲੌਂਗ ਟਰਮ ਕੇਅਰ 'ਤੇ ਪਰੈਸ਼ਰ ਘਟਾ ਸਕਦੀ ਹੈ – ਇਹ ਪੈਸੇ ਬਚਾਉਂਦੀ ਹੈ। ਇਹ ਕੰਮ ਕਰਦੀ ਹੈ!

ਹੈਲਥ ਅਥਾਰਟੀ ਦੇ ਸੰਪਰਕ ਨੰਬਰ:

**ਨੌਰਦਰਨ ਹੈਲਥ ਅਥਾਰਟੀ**
ਫੋਨ: (250) 565-2649
**ਇਨਟੀਰੀਅਰ ਹੈਲਥ ਅਥਾਰਟੀ**
ਫੋਨ: (250) 862-4200
**ਫਰੇਜ਼ਰ ਹੈਲਥ ਅਥਾਰਟੀ**
ਫੋਨ: (604) 587-4600
**ਵੈਨਕੂਵਰ ਕੋਸਟਲ ਹੈਲਥ ਅਥਾਰਟੀ**
ਫੋਨ: ਟੋਲ ਫਰੀ 1-866-884-0888
**ਵੈਨਕੂਵਰ ਆਈਲੈਂਡ ਹੈਲਥ ਅਥਾਰਟੀ**
ਫੋਨ: (250) 370-8699

### ਹੋਮ ਸਪੋਰਟ ਵਿਚ ਸ਼ਾਮਲ ਹਨ:

- ਉਠਾਉਣਾ
- ਕੱਪੜੇ ਪਹਿਨਣਾ
- ਨਹਾਉਣਾ
- ਟਾਇਲਟ ਵਰਤਣਾ
- ਸੌਣ ਲਈ ਤਿਆਰ ਹੋਣਾ ਜਾਂ ਸੌਣਾ
- ਦਵਾਈਆਂ ਵਿਚ ਮਦਦ
- ਇਲਾਜ ਲਈ ਕਸਰਤਾਂ
- ਪਰਿਵਾਰ ਦੇ ਸੰਭਾਲ ਕਰਨ ਵਾਲੇ ਨੂੰ ਰਾਹਤ
- ਜਜ਼ਬਾਤੀ ਅਤੇ ਮਨੋਵਿਗਿਆਨਕ ਮਦਦ
- ਸਿਹਤ 'ਤੇ ਨਿਗਰਾਨੀ

### ਹੋਮ ਸਪੋਰਟ ਕਿਵੇਂ ਲੈਣੀ ਹੈ:

1) ਤੁਸੀਂ, ਕੋਈ ਰਿਸ਼ਤੇਦਾਰ, ਦੋਸਤ, ਡਾਕਟਰ ਜਾਂ ਕੋਈ ਹੋਰ ਸਿਹਤ ਮਾਹਰ ਹੈਲਥ ਅਥਾਰਟੀ ਨੂੰ ਫੋਨ ਕਰ ਸਕਦੇ ਹੋ ਅਤੇ ਫਿਰ ਉਹ ਲੌਂਗ ਟਰਮ ਕੇਅਰ ਅਸੈੱਸਰ ਨੂੰ ਸੱਦਣਗੇ।
2) ਜੇ ਤੁਸੀਂ ਹਸਪਤਾਲ ਵਿੱਚੋਂ ਜਾ ਰਹੇ ਹੋ ਤਾਂ ਹੌਸਪੀਟਲ ਲਾਇਜ਼ਾਨ ਜਾਂ ਡਿਸਚਾਰਜ ਪਲੈਨਰ ਨਾਲ ਗੱਲ ਕਰੋ।
3) ਸਾਬਕਾ ਫੌਜੀ, ਵੈਟਰਨਜ਼ ਅਫੇਅਰਜ਼ ਰਾਹੀਂ ਸਰਵਿਸ ਦੀ ਮੰਗ ਕਰ ਸਕਦੇ ਹਨ ਜਿਨ੍ਹਾਂ ਕੋਲ ਆਪਣੇ ਅਸੈੱਸਰਜ਼ (ਸਲਾਹਕਾਰ) ਹਨ ਅਤੇ ਉਹ ਲੰਮੇ ਸਮੇਂ ਦੀ ਸੰਭਾਲ ਦਾ ਸਾਰਾ, ਕੁਝ ਖਰਚਾ ਦੇਣਗੇ ਜਾਂ ਕੁਝ ਰਕਮ ਵੰਡਾਉਣਗੇ।
4) ਡਿਸਏਬਿਲਟੀ ਬੈਨੇਫਿਟ ਲੈ ਰਹੇ ਲੋਕਾਂ ਨੂੰ ਸਿੱਧਾ ਆਪਣੇ ਕੇਸ ਮੈਨੇਜਰ ਨਾਲ ਗੱਲ ਕਰਨੀ ਚਾਹੀਦੀ ਹੈ।
5) ਤੁਸੀਂ ਆਪ ਵੀ ਕਿਸੇ ਹੈਲਥ ਸਰਵਿਸਿਜ਼ ਏਜੰਸੀ ਨੂੰ ਫੋਨ ਕਰ ਸਕਦੇ ਹੋ।

*ਨੋਟ: ਹੋਮ ਸਪੋਰਟ ਸੇਵਾਵਾਂ 'ਤੇ ਵਰਤੋਂ ਫੀਸ ਲਾਗੂ ਹੁੰਦੀ ਹੈ। ਇਹ ਫੀਸ ਆਮਦਨ ਦੇ ਟੈੱਸਟ 'ਤੇ ਆਧਾਰਿਤ ਹੁੰਦੀ ਹੈ।*

### ਇਹ ਵੀ ਚੇਤੇ ਰੱਖੋ:

•ਅਸੈੱਸਰ ਤੁਹਾਡੀ ਸਿਹਤ ਸੰਭਾਲ ਦੀ ਲੋੜ, ਪਰਿਵਾਰ ਅਤੇ ਦੋਸਤਾਂ ਵਲੋਂ ਤੁਹਾਡੀ ਕੀਤੀ ਜਾ ਰਹੀ ਮਦਦ ਨੂੰ ਧਿਆਨ ਵਿਚ ਰੱਖਣਗੇ ਅਤੇ ਸਰਵਿਸ ਲਈ ਤੁਹਾਡੀ ਯੋਗਤਾ ਦਾ ਫੈਸਲਾ ਕਰਨਗੇ।

•ਸਾਰੀਆਂ ਹੈਲਥ ਅਥਾਰਟੀਆਂ ਕੋਲ ਅਪੀਲ ਕਰਨ ਦਾ ਤਰੀਕਾ ਮੌਜੂਦ ਹੈ ਇਸ ਕਰਕੇ ਜੇ ਤੁਹਾਨੂੰ ਹੋਮ ਸਪੋਰਟ ਤੋਂ ਨਾਂਹ ਕਰ ਦਿੱਤੀ ਜਾਵੇ ਤਾਂ ਇਸ ਬਾਰੇ ਪੁੱਛੋ।

BC Health Coalition
ਵੈੱਬ: www.bchealthcoalition.ca
ਫੋਨ: 604.681.7945
ਐਡਰੈਸ: 2nd Floor, 411 Dunsmuir Street, Vancouver, BC V6B 1X4
ਈਮੇਲ: info@bchealthcoalition.ca
ਫੈਕਸ: 604.681.7947